ਪੰਜਾਬ ਸਰਕਾਰ
ਜਲ ਸਰੋਤ ਵਿਭਾਗ
(ਸਿੰਚਾਈ ਪ੍ਰਸੋਨਲ-3 ਸ਼ਾਖਾ)

ਦਫਤਰੀ ਹੁਕਮ

ਜਿਵੇਂ ਕਿ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਇਸ਼ਤਿਹਾਰ ਨੰ: 01/2021 ਰਾਹੀਂ ਭਰਤੀ ਲਈ ਚੋਣ ਪ੍ਰਕਿਰਿਆ ਮੁਕੰਮਲ ਹੋਣ ਉਪਰੰਤ ਪੱਤਰ ਨੰ: PSSSB-CONFORETC/15/2022-CONFIDENTIAL-PSSSB/903, ਮਿਤੀ 14.08.2023 ਵਿੱਚ ਦਰਸਾਏ ਲੜੀ ਨੰ: 3 ਅਨੁਸਾਰ ਜਲ ਸਰੋਤ ਵਿਭਾਗ ਵਿਖੇ ਮਿਸ ਸ਼ਿਵਾਨੀ ਪੁੱਤਰੀ ਸ੍ਰੀ ਤਿਲਕ ਰਾਜ ਦੀ ਨਿਯੁਕਤੀ ਬਤੌਰ ਜਿਲ੍ਹੇਦਾਰ ਕਰਨ ਦੀ ਸਿਫਾਰਿਸ਼ ਭੇਜੀ ਗਈ ਸੀ। ਜਿਸ ਉਪਰੰਤ ਵਿਭਾਗ ਵੱਲੋਂ ਮਿਸ ਸ਼ਿਵਾਨੀ ਪੁੱਤਰੀ ਸ੍ਰੀ ਤਿਲਕ ਰਾਜ ਨੂੰ ਪੱਤਰ ਨੰ: 1372-76/3 ਨਗਅ-2/2023 ਮਿਤੀ 04.09.2023 ਰਾਹੀਂ ਨਿਯੁਕਤੀ ਪੱਤਰ ਜਾਰੀ ਕੀਤਾ ਗਿਆ ਸੀ। ਉਸ ਵੱਲੋਂ ਜਲ ਸਰੋਤ ਵਿਭਾਗ ਵਿਖੇ ਮਿਤੀ 18.09.2023 ਨੂੰ ਜੁਆਇੰਨ ਕੀਤਾ ਗਿਆ। ਵਿਭਾਗ ਦੇ ਪੱਤਰ ਨੰ: 11-HQ/5454/2023-NGE-2/1/634531/2023 ਮਿਤੀ 04.09.2023 ਰਾਹੀਂ ਮਿਸ ਸ਼ਿਵਾਨੀ ਪੁੱਤਰੀ ਸ੍ਰੀ ਤਿਲਕ ਰਾਜ ਦੀ ਕਾਰਜਕਾਰੀ ਇੰਜੀਨੀਅਰ, ਲਹਿਲ ਨਹਿਰ ਅਤੇ ਗਰਾਊਂਡ ਵਾਟਰ ਮੰਡਲ, ਜਲ ਸਰੋਤ ਵਿਭਾਗ, ਪੰਜਾਬ ਪਟਿਆਲਾ ਵਿਖੇ ਤੈਨਾਤੀ ਕੀਤੀ ਗਈ।

2. ਜਿਵੇਂ ਕਿ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ CWP NO. 14362 of 2023-ਨਰਿੰਦਰ ਪਾਲ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਵਿੱਚ ਮਿਤੀ 14.07.2023 ਨੂੰ ਕੀਤੇ ਹੁਕਮਾ ਦੀ ਪਾਲਣਾ ਕਰਦੇ ਹੋਏ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਜਲ ਸਰੋਤ ਵਿਭਾਗ ਵਿੱਚ ਮਿਤੀ 14.08.2023 ਰਾਹੀਂ ਭੇਜੇ ਉਮੀਦਵਾਰਾ ਦੇ ਨਾਮਾਂ ਦੀ ਸਿਫਾਰਸ਼ਾਂ ਨੂੰ, ਉਨ੍ਹਾਂ ਵੱਲੋਂ ਪੱਤਰ ਨੰ: PSSSB-CONFORETC/15/2022-CONFIDENTIAL/1126, ਮਿਤੀ 14.11.2023 ਰਾਹੀਂ ਤੁਰੰਤ ਪ੍ਰਭਾਵ ਤੋਂ ਵਾਪਿਸ ਲੈਣ ਲਈ ਲਿਖਿਆ ਗਿਆ ਸੀ।

3. ਜਿਵੇਂ ਕਿ ਅਧੀਨ ਸੇਵਾਵਾਂ ਚੋਣ ਬੋਰਡ ਵੱਲੋਂ ਜਾਰੀ ਹੁਕਮ ਮਿਤੀ 14.11.2023 ਵਿੱਚ ਦਰਜ਼ ਲਿਸਟ ਦੇ ਅਨੁਸਾਰ ਮਿਸ ਸ਼ਿਵਾਨੀ ਪੁੱਤਰੀ ਸ੍ਰੀ ਤਿਲਕ ਰਾਜ ਦਾ ਨਿਯੁਕਤੀ ਪੱਤਰ ਵਾਪਿਸ ਲੈਣ ਲਈ ਸਿਫਾਰਿਸ਼ ਦੇ ਸਨਮੁੱਖ ਉਨ੍ਹਾਂ ਨੂੰ ਪੱਤਰ ਨੰ: WR-IRP3010/9/22-Part(1)/823656/2024 ਮਿਤੀ 18-04-2024 ਰਾਹੀਂ 7 ਦਿਨਾਂ ਦਾ ਨੋਟਿਸ ਜਾਰੀ ਕਰਦੇ ਹੋਏ ਆਪਣਾ ਪੱਖ ਪੇਸ਼ ਕਰਨ ਦਾ ਸਮਾਂ ਦਿੱਤਾ ਗਿਆ ਸੀ। ਜਿਸ ਉਪਰੰਤ ਮਿਸ ਸ਼ਿਵਾਨੀ ਵੱਲੋਂ ਪ੍ਰਤੀਬੇਨਤੀ ਮਿਤੀ 20-05-2024 ਰਾਹੀਂ ਦੱਸਿਆ ਗਿਆ ਹੈ ਕਿ ਵਿਭਾਗ ਵੱਲੋਂ ਉਨ੍ਹਾਂ ਨੂੰ ਜਾਰੀ ਕੀਤੇ ਨੋਟਿਸ ਵਿੱਚ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੇ ਪੱਤਰ ਵਿੱਚ ਦਰਸਾਈ ਜਿਸ ਰਿਟ ਦਾ ਜਿਕਰ ਕੀਤਾ ਗਿਆ ਹੈ, ਉਸ ਰਿੱਟ ਦਾ ਉਨ੍ਹਾ ਦੀ ਭਰਤੀ ਨਾਲ ਕੋਈ ਸਬੰਧ ਨਹੀ ਹੈ। CWP NO. 14362 of 2023-ਨਰਿੰਦਰ ਪਾਲ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਦਾ ਕਿਸੇ ਹੋਰ ਭਰਤੀ ਨਾਲ ਸਬੰਧਤ ਹੈ, ਜਦਕਿ ਉਨ੍ਹਾਂ ਦੀ ਭਰਤੀ ਜਿਲ੍ਹੇਦਾਰ ਦੀ ਹੈ। ਉਸ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਉਸ ਨੂੰ ਜਾਰੀ ਕੀਤਾ ਨੋਟਿਸ ਦਾਖਲ ਦਫ਼ਤਰ ਕੀਤਾ ਜਾਵੇ।

4. ਜਿਵੇਂ ਕਿ ਮਿਸ ਸ਼ਿਵਾਨੀ, ਜਿਲ੍ਹੇਦਾਰ ਵੱਲੋ ਪ੍ਰਾਪਤ ਪ੍ਰਤੀਬੇਨਤੀ ਸਬੰਧੀ ਕੋਈ ਵੀ ਫੈਸਲਾ ਲੈਣ ਤੋਂ ਪਹਿਲਾ ਅਧੀਨ ਸੇਵਾਵਾ ਚੋਣ ਬੋਰਡ, ਪੰਜਾਬ ਨੂੰ ਟਿੱਪਣੀ ਦੇਣ ਲਈ ਲਿਖਿਆ ਗਿਆ ਸੀ। ਜਿਸ ਤੇ ਅਧੀਨ ਸੇਵਾਵਾ ਚੋਣ ਬੋਰਡ, ਪੰਜਾਬ ਵੱਲੋਂ ਟਿੱਪਣੀ ਦਿੰਦੇ ਹੋਏ ਮਾਨਯੋਗ ਹਾਈਕੋਰਟ ਵੱਲੋ ਮਿਤੀ 14-07-2023 ਦੇ ਹੁਕਮਾ ਦਾ ਹਵਾਲਾ ਦਿੰਦੇ ਹੋਏ ਇਸ ਕਰਮਚਾਰਣ ਦੀ ਨਿਯੁਕਤੀ ਦੇ ਹੁਕਮ ਵਾਪਿਸ ਲੈਣ ਦੀ ਸਿਫਾਰਸ਼ ਕੀਤੀ ਹੈ।

5. ਜਿਵੇਂ ਕਿ ਅਧੀਨ ਸੇਵਾਵਾ ਚੋਣ ਬੋਰਡ, ਪੰਜਾਬ ਵੱਲੋਂ ਪ੍ਰਾਪਤ ਸਿਫਾਰਸ਼ਾ ਨੂੰ ਮੁੱਖ ਰੱਖਦੇ ਹੋਏ ਮਿਸ ਸ਼ਿਵਾਨੀ ਪੁੱਤਰੀ ਸ੍ਰੀ ਤਿਲਕ ਰਾਜ ਦੀ ਜਲ ਸਰੋਤ ਵਿਭਾਗ ਵਿਚ ਬਤੌਰ ਜਿਲ੍ਹੇਦਾਰ ਦੀ ਅਸਾਮੀ ਲਈ ਜਾਰੀ ਨਿਯੁਕਤੀ ਪੱਤਰ ਮਿਤੀ 04-09-2023 ਨੂੰ ਤੁਰੰਤ ਪ੍ਰਭਾਵ ਤੋਂ ਰੱਦ ਕੀਤਾ ਜਾਂਦਾ ਹੈ।

ਕ੍ਰਿਸ਼ਨ ਕੁਮਾਰ,ਆਈ.ਏ.ਐਸ.
ਪ੍ਰਮੁੱਖ ਸਕੱਤਰ, ਜਲ ਸਰੋਤ ਵਿਭਾਗ

ਮਿਤੀ, ਚੰਡੀਗੜ੍ਹ:-22.07.2024

ਪਿੱਠ:ਅੰ:ਨੰ: WR-IRP3010/9/22-Part(1)/1/889263/2024 ਮਿਤੀ, ਚੰਡੀਗੜ੍ਹ:- 23-07-2024

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ/ਹੈਡ ਕੁਆਟਰ, ਸੈਕਟਰ-18, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਲਿਖਿਆ ਜਾਂਦਾ ਹੈ ਕਿ ਸੰਬਧਤ ਕਰਮਚਾਰੀ ਨੂੰ ਜਾਣੂ ਕਰਵਾਉਣ ਯਕੀਨੀ ਬਣਾਇਆ ਜਾਵੇ।

P.T.O

2. ਸਹਾਇਕ ਡਾਇਰੈਕਟਰ, ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ, ਵਣ ਵਿਭਾਗ ਭਵਨ, ਸੈਕਟਰ-68, ਐਸ.ਏ.ਐਸ.ਨਗਰ, ਮੋਹਾਲੀ ।
3. ਦਫਤਰ-ਕਾਰਜਕਾਰੀ ਇੰਜੀਨੀਅਰ, ਲਹਿਲ ਨਹਿਰ ਅਤੇ ਗਰਾਊਂਡ ਵਾਟਰ ਮੰਡਲ, ਜਲ ਸਰੋਤ ਵਿਭਾਗ, ਪੰਜਾਬ, ਪਟਿਆਲਾ ।
4. ਮਿਸ ਸ਼ਿਵਾਨੀ ਪੁੱਤਰੀ ਸ੍ਰੀ ਤਿਲਕ ਰਾਜ ਦਫਤਰ-ਕਾਰਜਕਾਰੀ ਇੰਜੀਨੀਅਰ, ਲਹਿਲ ਨਹਿਰ ਅਤੇ ਗਰਾਊਂਡ ਵਾਟਰ ਮੰਡਲ, ਜਲ ਸਰੋਤ ਵਿਭਾਗ, ਪੰਜਾਬ, ਪਟਿਆਲਾ ।
5. ਇੰਚਾਰਜ ਕੰਪਿਊਟਰ ਸੈੱਲ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ।

ਸੁਪਰਡੰਟ

ਪਿੱਠ ਅੰਕਣ ਨੰਬਰ 580-85/4ਨ.ਗ.ਅ-3/2024 ਮਿਤੀ 23/7/2024

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ –

1. ਮੁੱਖ ਇੰਜੀਨੀਅਰ/ਹੈਡਕੁਆਟਰ, ਜਲ ਸਰੋਤ ਵਿਭਾਗ,ਪੰਜਾਬ,ਚੰਡੀਗੜ੍ਹ।
2. ਮੁੱਖ ਇੰਜੀਨੀਅਰ/ਚੌਕਸੀ ਅਤੇ ਕੁਆਲਿਟੀ ਐਸ਼ੋਰੈਂਸ, ਜਲ ਸਰੋਤ ਵਿਭਾਗ,ਪੰਜਾਬ ,ਚੰਡੀਗੜ੍ਹ।
3. ਨਿਗਰਾਨ ਇੰਜੀਨੀਅਰ, ਪਟਿਆਲਾ ਆਈ.ਬੀ.ਸਰਕਲ, ਪਟਿਆਲਾ।
4. ਕਾਰਜਕਾਰੀ ਇੰਜੀਨੀਅਰ, ਲਹਿਲ ਨਹਿਰ ਅਤੇ ਗਰਾਊਂਡ ਵਾਟਰ ਮੰਡਲ, ਜਲ ਸਰੋਤ ਵਿਭਾਗ,ਪੰਜਾਬ, ਪਟਿਆਲਾ।
5. ਮਿਸ ਸ਼ਿਵਾਨੀ ਪੁੱਤਰੀ ਸ੍ਰੀ ਤਿਲਕ ਰਾਜ ਦਫਤਰ ਕਾਰਜਕਾਰੀ ਇੰਜੀਨੀਅਰ, ਲਹਿਲ ਨਹਿਰ ਅਤੇ ਗਰਾਊਂਡ ਵਾਟਰ ਮੰਡਲ, ਜਲ ਸਰੋਤ ਵਿਭਾਗ,ਪੰਜਾਬ, ਪਟਿਆਲਾ।
6. ਇੰਚਾਰਜ ਕੰਪਿਊਟਰ ਸੈੱਲ, ਜਲ ਸਰੋਤ ਵਿਭਾਗ,ਪੰਜਾਬ (ਮੁੱਖ ਦਫਤਰ),ਚੰਡੀਗੜ੍ਹ।

23/07/2024

ਸੁਪਰਡੈਂਟ/ਨ.ਗ.ਅ-3,
ਜਲ ਸਰੋਤ ਵਿਭਾਗ,ਪੰਜਾਬ,
ਚੰਡੀਗੜ੍ਹ।